Mob: +919682536974, E-Mail: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਿਰਯਾ ਕ਼ੁਰਤਾਅ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 13 ਦਿਸੰਬਰ 2024 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਹਵਾਲੇ ਨਾਲ ਅੱਜ ਇੱਕ ਸਿਰਯਾ ਦਾ ਜ਼ਿਕਰ ਕਰੂੰਗਾ, ਜੋ ਸਿਰਯਾ ਕ਼ੁਰਤਾਅ ਕਹਾਉਂਦਾ ਹੈ। ਇਹ ਸਿਰਯਾ ਦਸ (10) ਮੁਹੱਰਮ/ ਛੇ (06) ਹਿਜਰੀ ਵਿੱਚ ਹੋਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਨੂੰ ਤੀਹ (30) ਸਵਾਰਾਂ ਦੇ ਨਾਲ ਕ਼ੁਰਤਾਅ ਦੇ ਵੱਲ ਭੇਜਿਆ। ਇਸ ਮੁਹਿੰਮ ਦੇ ਲਈ ਆਪ ਰਜ਼ਿ ਅੱਲਾਹੁ ਅਨਹੁ ਉੱਨੀ (19) ਰਾਤਾਂ ਮਦੀਨੇ ਤੋਂ ਬਾਹਰ ਰਹੇ ਅਤੇ ਉੱਨਤੀ (29) ਮੁਹੱਰਮ/ ਛੇ (06) ਹਿਜਰੀ ਨੂੰ ਮਦੀਨਾ ਵਾਪਿਸ ਆਏ।

ਇਸਦੇ ਵਿਸਥਾਰ ਵਿੱਚ ਭਿੰਨ ਭਿੰਨ ਕਿਤਾਬਾਂ ਅਤੇ ਇਤਿਹਾਸ, ਜਿਹੜਾ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਲਿਖਿਆ ਹੈ, ਉਹ ਇਸ ਤਰ੍ਹਾਂ ਹੈ ਕਿ ਅਜੇ ਛੇ (06) ਹਿਜਰੀ ਸ਼ੁਰੂ ਹੀ ਹੋਇਆ ਸੀ ਅਤੇ ਚੰਦਰਮਾਈ ਸਾਲ ਦੇ ਪਹਿਲੇ ਮਹੀਨੇ ਯਾਨੀ ਮੁਹੱਰਮ ਦੇ ਸ਼ੁਰੂ ਦੀਆਂ ਹੀ ਤਾਰੀਖ਼ਾਂ ਸਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਨਜਦ ਦੇ ਰਹਿਣ ਵਾਲਿਆਂ ਵੱਲੋਂ ਖ਼ਤਰੇ ਦੀਆਂ ਖ਼ਬਰਾਂ ਮਿਲੀਆਂ। ਇਹ ਅੰਦੇਸ਼ਾ ਕ਼ਬੀਲਾ ਕ਼ੁਰਤਾਅ ਦੇ ਵੱਲੋਂ ਸੀ, ਜਿਹੜਾ ਕ਼ਬੀਲਾ ਬਨੂ ਬਕਰ ਦਾ ਹੀ ਇੱਕ ਹਿੱਸਾ ਸੀ ਅਤੇ ਨਜਦ ਦੇ ਇਲਾਕ਼ੇ ਵਿੱਚ ਜ਼ੁਰਯਾ ਦੇ ਮਕ਼ਾਮ 'ਤੇ ਆਬਾਦ ਸੀ, ਜਿਹੜਾ ਮਦੀਨੇ ਤੋਂ ਸੱਤ (07) ਦਿਨਾਂ ਦੀ ਦੂਰੀ 'ਤੇ ਸੀ।

ਹਜ਼ੂਰ ਅਨਵਰ ਨੇ ਇਸਦੀ ਵਿਆਖਿਆ ਕੀਤੀ ਕਿ ਇਹ ਸਪਸ਼ਟ ਹੋ ਗਿਆ ਕਿ ਇਹ ਦੁਸ਼ਮਣ ਕ਼ੌਮ ਸੀ ਅਤੇ ਮਦੀਨੇ ਉੱਤੇ ਹਮਲਾ ਕਰਨ ਦੀ ਪਲਾਨਿੰਗ ਕਰ ਰਹੇ ਸਨ। ਉਸਦੀ ਰੋਕ ਥਾਮ ਲਈ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਭੇਜਿਆ ਸੀ ਅਤੇ ਉੱਥੇ ਵੀ ਇਹ ਨਰਮੀ ਵਰਤੀ ਗਈ ਕਿ ਔਰਤਾਂ ਅਤੇ ਬੱਚਿਆਂ ਨੂੰ ਕੁੱਝ ਨਹੀਂ ਕਿਹਾ ਗਿਆ।

ਇਸ ਮੌਕ਼ੇ 'ਤੇ ਸੁਮਾਮਾ ਬਿਨ ਉਸਾਲ ਦੇ ਕ਼ੈਦੀ ਬਣਨ ਅਤੇ ਇਸਲਾਮ ਕ਼ਬੂਲ ਕਰਨ ਦਾ ਵੀ ਜ਼ਿਕਰ ਮਿਲਦਾ ਹੈ। ਇਸਦੇ ਵਿਸਥਾਰ ਵਿੱਚ ਸੀਰਤ ਖ਼ਾਤਮੁੰਨ ਨਬਿੱਯੀਨ ਸੱਲ-ਲੱਲਾਹੁ ਅਲੈਹਿ-ਵਸੱਲਮ ਵਿੱਚ ਲਿਖਿਆ ਹੈ ਕਿ ਇਸ ਮੁਹਿੰਮ ਯਾਨੀ ਸਿਰਯਾ ਕੁਰਤਾਅ ਦੀ ਵਾਪਸੀ 'ਤੇ ਸੁਮਾਮਾ ਬਿਨ ਉਸਾਲ ਦੇ ਕ਼ੈਦ ਕੀਤੇ ਜਾਣ ਦਾ ਵਾਕ਼ਿਆ ਪੇਸ਼ ਆਇਆ। ਇੱਕ ਵਾਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇੱਕ ਦੂਤ ਇਸਦੇ ਇਲਾਕ਼ੇ ਵਿੱਚ ਗਿਆ ਤਾਂ ਇਸਨੇ ਸਾਰੇ ਜੰਗੀ ਕ਼ਾਨੂਨ ਭੁਲਾ ਕੇ ਉਸਦੇ ਕ਼ਤਲ ਦੀ ਸਾਜ਼ਿਸ਼ ਕੀਤੀ ਬਲਕਿ ਇੱਕ ਵਾਰ ਤਾਂ ਉਸਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕ਼ਤਲ ਦਾ ਵੀ ਇਰਾਦਾ ਕੀਤਾ। ਜਦ ਮੁਹੰਮਦ ਬਿਨ ਮਸਲਮਾ ਦੀ ਪਾਰਟੀ ਸੁਮਾਮਾ ਨੂੰ ਕ਼ੈਦ ਕਰਕੇ ਲਿਆਈ ਤਾਂ ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਕੌਣ ਹੈ। ਬਲਕਿ ਉਨ੍ਹਾਂ ਨੇ ਇਸਨੂੰ ਕੇਵਲ ਸ਼ੱਕ ਦੀ ਬਿਨਾ 'ਤੇ ਕ਼ੈਦ ਕਰ ਲਿਆ ਸੀ ਅਤੇ ਪਤਾ ਲੱਗਦਾ ਹੈ ਕਿ ਸੁਮਾਮਾ ਨੇ ਵੀ ਪੂਰੀ ਹੁਸ਼ਿਆਰੀ ਨਾਲ ਉਨ੍ਹਾਂ 'ਤੇ ਆਪਣੀ ਹਕ਼ੀਕ਼ਤ ਖੁਲ੍ਹਣ

ਨਹੀਂ ਦਿੱਤੀ ਕਿਉਂਕਿ ਉਹ ਜਾਣਦਾ ਸੀ ਕਿ ਮੈਂ ਇਸਲਾਮ ਦੇ ਖ਼ਿਲਾਫ਼ ਖ਼ਤਰਨਾਕ ਜੁਰਮਾਂ ਦਾ ਮੁਜਰਿਮ ਹੋ ਚੁੱਕਿਆ ਹਾਂ ਅਤੇ ਜੇਕਰ ਇਸਲਾਮ ਦੇ ਇਨ੍ਹਾਂ ਗ਼ੈਰਤ ਮੰਦ (ਅਣਖੀ) ਸਿਪਾਹੀਆਂ ਨੂੰ ਇਹ ਪਤਾ ਲੱਗ ਗਿਆ ਕਿ ਮੈਂ ਕੌਣ ਹਾਂ ਤਾਂ ਉਹ ਸ਼ਾਇਦ ਮੇਰੇ ‘ਤੇ ਸਖ਼ਤੀ ਕਰਨ ਜਾਂ ਕ਼ਤਲ ਹੀ ਕਰ ਦੇਣਗੇ। ਪਰ ਆਪ ਉਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਬੇਹਤਰ ਸਲੂਕ ਦੀ ਉਮੀਦ ਰੱਖਦਾ ਸੀ। ਫਲਸਰੂਪ ਮਦੀਨੇ ਵਾਪਸੀ ਤੱਕ ਮੁਹੰਮਦ ਬਿਨ ਮਸਲਮਾ ਦੀ ਪਾਰਟੀ ‘ਤੇ ਸੁਮਾਮਾ ਦੀ ਸ਼ਖ਼ਸ਼ੀਅਤ ਲੁਕੀ ਰਹੀ।

ਮਦੀਨੇ ਪਹੁੰਚ ਕੇ ਜਦ ਸੁਮਾਮਾ ਨੂੰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸਨੂੰ ਦੇਖਦੇ ਹੀ ਪਛਾਣ ਲਿਆ ਅਤੇ ਮੁਹੰਮਦ ਬਿਨ ਮਸਲਮਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਫ਼ਰਮਾਇਆ ਕਿ ਜਾਣਦੇ ਹੋ ਇਹ ਵਿਅਕਤੀ ਕੌਣ ਹੈ? ਉਨ੍ਹਾਂ ਨੇ ਨਾ ਪਤਾ ਹੋਣ ਦਾ ਇਜ਼ਹਾਰ ਕੀਤਾ, ਜਿਸ ‘ਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਹਕ਼ੀਕ਼ਤ ਦੱਸੀ। ਇਸਦੇ ਬਾਅਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੀ ਆਦਤ ਦੇ ਮੁਤਾਬਿਕ਼ ਸੁਮਾਮਾ ਨਾਲ਼ ਨੇਕ ਸਲੂਕ ਕਰਨ ਦਾ ਹੁਕਮ ਦਿੱਤਾ ਅਤੇ ਫਿਰ ਘਰ ਦੇ ਅੰਦਰ ਤਸ਼ਰੀਫ਼ ਲੈ ਗਏ ਅਤੇ ਇਰਸ਼ਾਦ ਕੀਤਾ ਕਿ ਜੋ ਕੁੱਝ ਖਾਣ ਦੇ ਲਈ ਤਿਆਰ ਹੈ ਸੁਮਾਮਾ ਦੇ ਲਈ ਬਾਹਰ ਭਿਜਵਾ ਦਿਓ। ਇਸਦੇ ਨਾਲ਼ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਨੂੰ ਇਹ ਵੀ ਇਰਸ਼ਾਦ ਕੀਤਾ ਕਿ ਸੁਮਾਮਾ ਨੂੰ ਕਿਸੇ ਦੂਸਰੇ ਮਕਾਨ ਵਿੱਚ ਰੱਖਣ ਦੀ ਬਜਾਏ ਮਸਜਿਦਿ ਨਬਵੀ ਦੇ ਵਿਹੜੇ ਵਿੱਚ ਹੀ ਕਿਸੇ ਖੰਭੇ ਦੇ ਨਾਲ਼ ਬੰਨ੍ਹ ਕੇ ਕ਼ੈਦ ਰੱਖਿਆ ਜਾਵੇ, ਜਿਸ ਤੋਂ ਆਪਦਾ ਭਾਵ ਇਹ ਸੀ ਕਿ ਤਾਂ ਜੋ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਮਜਲਿਸਾਂ ਅਤੇ ਮੁਸਲਮਾਨਾਂ ਦੀਆਂ ਨਾਮਾਜ਼ਾਂ ਸੁਮਾਮਾ ਦੀਆਂ ਅੱਖਾਂ ਦੇ ਸਾਹਮਣੇ ਹੋਣ ਅਤੇ ਉਸਦੇ ਦਿਲ ਦਾ ਹਾਲ ਇਨ੍ਹਾਂ ਰੂਹਾਨੀ ਨਜ਼ਾਰਿਆਂ ਤੋਂ ਪ੍ਰਭਾਵਿਤ ਹੋ ਕੇ ਇਸਲਾਮ ਵੱਲ ਝੁਕ ਜਾਵੇ।

ਉਨ੍ਹਾਂ ਦਿਨਾਂ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹਰ ਰੋਜ਼ ਸਵੇਰੇ ਸੁਮਾਮਾ ਦੇ ਕੋਲ਼ ਤਸ਼ਰੀਫ਼ ਲੈ ਜਾਂਦੇ ਅਤੇ ਹਾਲ ਪੁੱਛ ਕੇ ਪੁੱਛਦੇ ਕਿ ਸੁਮਾਮਾ! ਦੱਸ ਹੁਣ ਕੀ ਇਰਾਦਾ ਹੈ? ਸੁਮਾਮਾ ਜਵਾਬ ਦਿੰਦਾ! ਹੇ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਜੇਕਰ ਤੁਸੀਂ ਮੈਨੂੰ ਕ਼ਤਲ ਕਰ ਦਿਓ ਤਾਂ ਤੁਹਾਨੂੰ ਇਸਦਾ ਹੱਕ਼ ਹੈ ਕਿਉਂਕਿ ਮੇਰੇ ਖ਼ਿਲਾਫ਼ ਖ਼ੂਨ ਦਾ ਇਲਜ਼ਾਮ ਹੈ ਪਰ ਜੇਕਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਅਹਿਸਾਨ ਕਰੋ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੈਨੂੰ ਸ਼ੁਕਰ ਗੁਜ਼ਾਰ ਪਾਓਗੇ ਅਤੇ ਜੇਕਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਫ਼ਿਦਯਾ (ਮੁਆਵਜ਼ਾ) ਲੈਣਾ ਚਾਹੋ ਤਾਂ ਮੈਂ ਫ਼ਿਦਯਾ (ਮੁਆਵਜ਼ਾ) ਦੇਣ ਲਈ ਵੀ ਤਿਆਰ ਹਾਂ। ਤਿੰਨ (03) ਦਿਨ ਤੱਕ ਇਹੀ ਸਵਾਲ ਜਵਾਬ ਹੁੰਦੇ ਰਹੇ। ਆਖ਼ਿਰ ਤੀਸਰੇ ਦਿਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਹਾਬਾ ਨੂੰ ਇਰਸ਼ਾਦ ਕੀਤਾ ਕਿ ਸੁਮਾਮਾ ਨੂੰ ਖੋਲ੍ਹ ਕੇ ਅਜ਼ਾਦ ਕਰ ਦਿਓ। ਸਹਾਬਾ ਨੇ ਫ਼ੌਰਨ ਅਜ਼ਾਦ ਕਰ ਦਿੱਤਾ ਅਤੇ ਸੁਮਾਮਾ ਛੇਤੀ ਛੇਤੀ ਮਸਜਿਦ ‘ਚੋਂ ਨਿਕਲ਼ ਕੇ ਬਾਹਰ ਚਲਾ ਗਿਆ। ਸ਼ਾਇਦ ਸਹਾਬਾ ਇਹ ਸਮਝੇ ਹੋਣ ਕਿ ਹੁਣ ਉਹ ਆਪਣੇ ਵਤਨ ਦੇ ਵੱਲ ਵਾਪਿਸ ਚਲਿਆ ਜਾਵੇਗਾ ਪਰ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸਮਝ ਚੁੱਕੇ ਸਨ ਕਿ ਸੁਮਾਮਾ ਦਾ ਦਿਲ ਪਰਾਜਿਤ ਹੋ ਗਿਆ ਹੈ, ਹੁਣ ਉਸ ‘ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪਵਿੱਤਰ ਸ਼ਕਤੀ (ਕ਼ੁੱਵਤਿ ਕ਼ੁਦਸਿਯਾ) ਦਾ ਅਸਰ ਹੋ ਚੁੱਕਿਆ ਹੈ।

ਅਤੇ ਨਤੀਜਾ ਵੀ ਇਹੀ ਨਿਕਲ਼ਿਆ। ਫਲਸਰੂਪ ਉਹ ਇੱਕ ਨੇੜੇ ਦੇ ਬਾਗ਼ ਵਿੱਚ ਗਿਆ ਅਤੇ ਉੱਥੋਂ ਨਹਾ ਧੋ ਕੇ ਵਾਪਿਸ ਆਇਆ ਅਤੇ ਆਉਂਦੇ ਹੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹੱਥ ‘ਤੇ ਮੁਸਲਮਾਨ ਹੋ ਗਿਆ। ਇਸਦੇ ਬਾਅਦ ਉਸਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅਰਜ਼ ਕੀਤੀ ਕਿ ਹੇ ਅੱਲਾਹ ਦੇ ਰਸੂਲ! ਇੱਕ ਵੇਲ਼ਾ ਸੀ ਕਿ ਮੈਨੂੰ ਸਾਰੀ ਦੁਨੀਆ ਵਿੱਚੋਂ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੀ ਜ਼ਾਤ ਅਤੇ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਦੀਨ ਅਤੇ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਸ਼ਹਿਰ ਨਾਲ਼ ਸਭ ਤੋਂ ਜ਼ਿਆਦਾ ਦੁਸ਼ਮਣੀ ਸੀ ਪਰੰਤੂ ਹੁਣ ਮੈਨੂੰ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੀ ਜ਼ਾਤ ਅਤੇ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦਾ ਦੀਨ ਅਤੇ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦਾ ਸ਼ਹਿਰ ਸਭ ਤੋਂ ਵੱਧ ਪਿਆਰਾ ਹੈ।

ਮੁਸਲਮਾਨ ਹੋਣ ਕਾਰਣ ਸੁਮਾਮਾ ਰਜ਼ਿ ਅੱਲਾਹੁ ਅਨਹੁ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਅਰਜ਼ ਕੀਤੀ ਕਿ ਹੇ ਅੱਲਾਹ ਦੇ ਰਸੂਲ! ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਆਦਮੀਆਂ ਨੇ ਮੈਨੂੰ ਕ਼ੈਦ ਕੀਤਾ ਸੀ, ਉਸ ਵੇਲ਼ੇ ਮੈਂ ਖ਼ਾਨਾ ਕਾਅਬਾ ਦੇ ਉਮਰੇ ਲਈ ਜਾ ਰਿਹਾ ਸੀ, ਹੁਣ ਮੈਨੂੰ ਕੀ ਇਰਸ਼ਾਦ ਹੈ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ

ਨੇ ਇਸਦੀ ਇਜਾਜ਼ਤ ਦਿੱਤੀ ਅਤੇ ਦੁਆ ਕੀਤੀ ਅਤੇ ਸੁਮਾਮਾ ਰਜ਼ਿ ਅੱਲਾਹੁ ਅਨਹੁ ਮੱਕੇ ਵੱਲ ਰਵਾਨਾ ਹੋ ਗਏ। ਉੱਥੇ ਪਹੁੰਚ ਕੇ ਸੁਮਾਮਾ ਰਜ਼ਿ ਅੱਲਾਹੁ ਅਨਹੁ ਨੇ ਇਮਾਨੀ ਜੋਸ਼ ਵਿੱਚ ਕ਼ੁਰੈਸ਼ ਦੇ ਅੰਦਰ ਖੁੱਲ੍ਹੀ ਤਬਲੀਗ਼ (ਇਸਲਾਮ ਦਾ ਪ੍ਰਚਾਰ) ਸ਼ੁਰੂ ਕਰ ਦਿੱਤੀ। ਕ਼ੁਰੈਸ਼ ਨੇ ਇਹ ਨਜ਼ਾਰਾ ਦੇਖਿਆ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਅਤੇ ਉਨ੍ਹਾਂ ਨੇ ਸੁਮਾਮਾ ਰਜ਼ਿ ਅੱਲਾਹੁ ਅਨਹੁ ਨੂੰ ਫੜ ਕੇ ਇਰਾਦਾ ਕੀਤਾ ਕਿ ਉਨ੍ਹਾਂ ਨੂੰ ਕ਼ਤਲ ਕਰ ਦੇਣ। ਪਰ ਫਿਰ ਇਹ ਸੋਚ ਕੇ ਕਿ ਉਹ ਯਮਾਮਾ ਦੇ ਇਲਾਕ਼ੇ ਦਾ ਸਰਦਾਰ ਹੈ ਅਤੇ ਯਮਾਮਾ ਦੇ ਨਾਲ਼ ਮੱਕੇ ਦੇ ਗਹਿਰੇ ਵਪਾਰਿਕ ਸੰਬੰਧ ਹਨ, ਉਹ ਇਸ ਇਰਾਦੇ ਤੋਂ ਬਾਜ਼ ਆ ਗਏ ਅਤੇ ਸੁਮਾਮਾ ਰਜ਼ਿ ਅੱਲਾਹੁ ਅਨਹੁ ਨੂੰ ਬੁਰਾ ਭਲਾ ਕਹਿ ਕੇ ਛੱਡ ਦਿੱਤਾ ਪਰ ਸੁਮਾਮਾ ਰਜ਼ਿ ਅੱਲਾਹੁ ਅਨਹੁ ਦੇ ਸੁਭਾਅ ਵਿੱਚ ਸਖ਼ਤ ਜੋਸ਼ ਸੀ ਅਤੇ ਕ਼ੁਰੈਸ਼ ਦੇ ਉਹ ਜ਼ੁਲਮ, ਜਿਹੜੇ ਉਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਹਾਬਾ 'ਤੇ ਕਰਦੇ ਰਹੇ ਸਨ, ਉਹ ਸਭ ਸੁਮਾਮਾ ਰਜ਼ਿ ਅੱਲਾਹੁ ਅਨਹੁ ਦੀਆਂ ਅੱਖਾਂ ਦੇ ਸਾਹਮਣੇ ਸਨ। ਉਨ੍ਹਾਂ ਨੇ ਮੱਕੇ ਤੋਂ ਰੁਖ਼ਸਤ ਹੁੰਦੇ ਹੋਏ ਕ਼ੁਰੈਸ਼ ਨੂੰ ਕਿਹਾ ਕਿ ਖ਼ੁਦਾ ਦੀ ਕ਼ਸਮ! ਮੁੜਕੇ ਯਮਾਮਾ ਦੇ ਇਲਾਕ਼ੇ 'ਚੋਂ ਤੁਹਾਨੂੰ ਅਨਾਜ ਦਾ ਇੱਕ ਦਾਣਾ ਤੱਕ ਨਾ ਆਏਗਾ ਜਦ ਤੱਕ ਰਸੂਲੁੱਲਾਹ ਇਸਦੀ ਇਜਾਜ਼ਤ ਨਾ ਦੇਣਗੇ।

ਆਪਣੇ ਵਤਨ ਪਹੁੰਚ ਕੇ ਸੁਮਾਮਾ ਰਜ਼ਿ ਅੱਲਾਹੁ ਅਨਹੁ ਨੇ ਵਾਕ਼ਈ ਮੱਕੇ ਵੱਲ ਯਮਾਮਾ ਦੇ ਕ਼ਾਫ਼ਲਿਆਂ ਦਾ ਆਉਣਾ ਜਾਣਾ ਰੋਕ ਦਿੱਤਾ ਅਤੇ ਕਿਉਂਕਿ ਮੱਕੇ ਦੀ ਖ਼ੁਰਾਕ ਦਾ ਵੱਡਾ ਹਿੱਸਾ ਯਮਾਮਾ ਵੱਲੋਂ ਆਉਂਦਾ ਸੀ, ਇਸ ਲਈ ਇਸ ਵਪਾਰ ਦੇ ਬੰਦ ਹੋ ਜਾਣ 'ਤੇ ਮੱਕੇ ਦੇ ਕ਼ੁਰੈਸ਼ ਸਖ਼ਤ ਮੁਸੀਬਤ ਵਿੱਚ ਪੈ ਗਏ ਅਤੇ ਅਜੇ ਜ਼ਿਆਦਾ ਅਰਸਾ ਨਹੀਂ ਸੀ ਲੰਘਿਆ ਕਿ ਉਨ੍ਹਾਂ ਨੇ ਘਬਰਾ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੇਵਾ ਵਿੱਚ ਖ਼ਤ ਲਿਖਿਆ ਕਿ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਹਮੇਸ਼ਾ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ਼ ਚੰਗੇ ਸਲੂਕ ਦਾ ਹੁਕਮ ਦਿੰਦੇ ਹੋ ਅਤੇ ਅਸੀਂ ਆਪ (ਸੱਲ-ਲੱਲਾਹੁ ਅਲੈਹਿ-ਵਸੱਲਮ) ਦੇ ਭਾਈ ਬੰਦ ਹਾਂ, ਸਾਨੂੰ ਇਸ ਮੁਸੀਬਤ ਤੋਂ ਨਿਜਾਤ ਦਵਾਓ। ਉਸ ਵੇਲ਼ੇ ਮੱਕੇ ਦੇ ਕ਼ੁਰੈਸ਼ ਇੰਨੇ ਘਬਰਾਏ ਹੋਏ ਸਨ ਕਿ ਉਨ੍ਹਾਂ ਨੇ ਸਿਰਫ਼ ਇਸ ਖ਼ਤ 'ਤੇ ਹੀ ਸਬਰ ਨਾ ਕੀਤਾ ਬਲਕਿ ਆਪਣੇ ਸਰਦਾਰ ਅਬੂ ਸੁਫ਼ਯਾਨ ਬਿਨ ਹਰਬ ਨੂੰ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਭਿਜਵਾਇਆ, ਜਿਸਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੇਵਾ ਵਿੱਚ ਹਾਜ਼ਿਰ ਹੋ ਕੇ ਜ਼ੁਬਾਨੀ ਵੀ ਬਹੁਤ ਰੋਣ ਧੋਣ ਕੀਤੀ ਅਤੇ ਆਪਣੀ ਮੁਸੀਬਤ ਦਾ ਇਜ਼ਹਾਰ ਕਰਕੇ ਰਹਿਮ ਮੰਗਿਆ। ਜਿਸ 'ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸੁਮਾਮਾ ਰਜ਼ਿ ਅੱਲਾਹੁ ਅਨਹੁ ਨੂੰ ਹਿਦਾਇਤ ਭਿਜਵਾਈ ਕਿ ਕ਼ੁਰੈਸ਼ ਦੇ ਇਨ੍ਹਾਂ ਕ਼ਾਫ਼ਲਿਆਂ ਦੀ, ਜਿਨ੍ਹਾਂ ਵਿੱਚ ਮੱਕੇ ਦੇ ਰਹਿਣ ਵਾਲ਼ਿਆਂ ਦੀ ਖ਼ੁਰਾਕ ਹੋਵੇ, ਰੋਕ ਥਾਮ ਨਾ ਕੀਤੀ ਜਾਵੇ। ਫਲਸਰੂਪ ਇਸ ਵਪਾਰ ਦਾ ਸਿਲਸਿਲਾ ਫਿਰ ਜਾਰੀ ਹੋ ਗਿਆ ਅਤੇ ਮੱਕੇ ਵਾਲ਼ਿਆਂ ਨੂੰ ਇਸ ਮੁਸੀਬਤ ਤੋਂ ਨਿਜਾਤ ਮਿਲ਼ੀ।

ਹਜ਼ੂਰ ਅਨਵਰ ਨੇ ਸਤਿਕਾਰਯੋਗ ਅਬਦੁਲ ਲਤੀਫ਼ ਸਾਹਿਬ ਯੂ.ਕੇ. ਦੀ ਨਮਾਜ਼ਿ ਜਨਾਜ਼ਾ ਹਾਜ਼ਿਰ ਅਤੇ ਬਾਕ਼ੀ ਪੰਜ (05) ਸੁਰਗ ਵਾਸੀਆਂ ਦੀ ਨਮਾਜ਼ਿ ਜਨਾਜ਼ਾ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਦੋ (2) ਸ਼ਹੀਦ, ਸਤਿਕਾਰਯੋਗ ਤੱਯਬ ਅਹਮਦ ਸ਼ਹੀਦ ਸਪੁੱਤਰ ਸਤਿਕਾਰਯੋਗ ਮਨਜ਼ੂਰ ਅਹਮਦ ਸਾਹਿਬ ਰਾਜਨਪੁਰ ਰਾਵਲਪਿੰਡੀ, ਜਿਨ੍ਹਾਂ ਨੂੰ ਇੱਕ ਦੁਸ਼ਮਣ ਨੇ ਪੰਜ (05) ਦਿਸੰਬਰ ਨੂੰ ਕੁਹਾੜੀ ਦੇ ਵਾਰ ਨਾਲ਼ ਸ਼ਹੀਦ ਕਰ ਦਿੱਤਾ। ਅਤੇ ਪਿਆਰੇ ਮਹੰਦ ਮੁਅੱਯਦ ਅਬੂ ਅਵਾਦ ਸਾਹਿਬ ਗ਼ੱਜ਼ਾ, ਫ਼ਲਸਤੀਨ ਵੀ ਸ਼ਾਮਿਲ ਸਨ ਜਿਹੜੇ ਇਕ ਡ੍ਰੋਨ ਹਮਲੇ ਵਿੱਚ ਵੀਹ (20) ਸਾਲ ਦੀ ਉਮਰ ਵਿੱਚ ਸ਼ਹੀਦ ਹੋ ਗਏ। ਇਸੇ ਤਰ੍ਹਾਂ ਸਤਿਕਾਰਯੋਗ ਡਾਕਟਰ ਮਸਊਦ ਅਹਮਦ ਮਲਿਕ ਸਾਹਿਬ ਅਮੀਰਕਾ ਦੇ ਪੁਰਾਣੇ ਨਾਇਬ ਅਮੀਰ ਅਤੇ ਸਤਿਕਾਰਯੋਗ ਸ਼ੱਬੀਰ ਅਹਮਦ ਲੋਧੀ ਸਾਹਿਬ ਸਪੁੱਤਰ ਮੀਆਂ ਮੁਹੰਮਦ ਸ਼ਫ਼ੀਅ ਸਾਹਿਬ ਅਤੇ ਮੌਲਵੀ ਮੁਹੰਮਦ ਅੱਯੂਬ ਬੱਟ ਸਾਹਿਬ ਦਰਵੇਸ਼ ਦਾ ਜ਼ਿਕਰ ਕੀਤਾ।

ਮੌਲਵੀ ਮੁਹੰਮਦ ਅੱਯੂਬ ਬੱਟ ਸਾਹਿਬ ਦਰਵੇਸ਼ ਦੇ ਜ਼ਿਕਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਨ੍ਹਾਂ ਦੇ ਖ਼ਾਨਦਾਨ ਵਿੱਚ ਅਹਮਦੀਯਤ ਇਨ੍ਹਾਂ ਦੀ ਮਾਤਾ ਜੀ ਸਤਿਕਾਰਯੋਗ ਕਰੀਮ ਬੀਬੀ ਸਾਹਿਬਾ ਦੇ ਦੁਆਰਾ ਆਈ। ਸੁਰਗਵਾਸੀ ਮੌਲਵੀ ਮੁਹੰਮਦ ਅੱਯੂਬ ਬੱਟ ਸਾਹਿਬ ਦਰਵੇਸ਼ ਦੀ ਲਿਖਤ ਅਨੁਸਾਰ ਆਪ ਨੇ ਐਨ ਜਵਾਨੀ ਵਿੱਚ ਖ਼ਾਬ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਘੋੜੇ 'ਤੇ ਸਵਾਰ ਦੇਖਿਆ। ਇਸ ਖ਼ਾਬ ਦਾ ਸੁਪਨਫਲ (ਤਾਅਬੀਰ) ਆਪ ਦੀ ਮਾਤਾ ਜੀ ਨੇ ਇਹ ਦੱਸਿਆ ਕਿ ਇਨ੍ਹਾਂ ਨੂੰ ਅੱਲਾਹ ਤਆਲਾ ਦੀਨ ਦਾ ਕੰਮ ਕਰਨ ਦੀ ਤੌਫ਼ੀਕ਼ ਦੇਵੇਗਾ। 1939

ਈ: ਵਿੱਚ ਮੌਲਵੀ ਸਾਹਿਬ ਨੇ ਆਪਣੀ ਜ਼ਿੰਦਗੀ ਵਕ਼ਫ਼ ਕਰ ਦਿੱਤੀ ਅਤੇ ਜਮਾਤ ਵੱਲੋਂ ਆਪ ਜੀ ਨੂੰ ਈਰਾਨ ਜਾਣ ਦਾ ਹੁਕਮ ਹੋਇਆ। ਉੱਥੇ ਪੰਜ (05) ਸਾਲ ਤੱਕ ਦੀਨ ਦੀ ਖ਼ਿਦਮਤ ਕਰਦੇ ਰਹੇ। ਇਸਦੇ ਬਾਅਦ ਕਾਬੁਲ ਅਫ਼ਗ਼ਾਨਿਸਤਾਨ ਜਾਣ ਦਾ ਹੁਕਮ ਹੋਇਆ, ਕਾਬੁਲ ਜਾਣ ਦੇ ਲਈ ਕੋਇਟਾ ਵਿੱਚ ਸਨ ਕਿ ਜਮਾਤ ਅਹਮਦੀਯਾ ਕੋਇਟਾ ਦੇ ਅਮੀਰ ਸਾਹਿਬ ਨੇ ਕਿਹਾ ਕਿ ਆਪ ਜੀ ਨੂੰ ਕਾਦੀਆਂ ਬੁਲਾਇਆ ਗਿਆ ਹੈ। ਵੰਡ ਦਾ ਜ਼ਮਾਨਾ ਸੀ, ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਹਿਜਰਤ ਕਰਕੇ ਲਾਹੌਰ ਵਿੱਚ ਠਹਿਰੇ ਹੋਏ ਸਨ, ਜਦ ਮੌਲਵੀ ਸਾਹਿਬ ਲਾਹੌਰ ਪਹੁੰਚੇ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਕਾਦੀਆਂ ਜਾਣ ਲਈ ਇਹ ਆਖ਼ਰੀ ਟਰੱਕ ਜਾ ਰਿਹਾ ਹੈ ਅਤੇ ਇਸਦੇ ਬਾਅਦ ਸ਼ਾਇਦ ਕੋਈ ਹੋਰ ਟਰੱਕ ਨਾ ਜਾ ਸਕੇ, ਇਸ ਲਈ ਆਪ ਕਾਦੀਆਂ ਚਲੇ ਜਾਓ। ਉੱਥੇ ਪਹੁੰਚ ਕੇ ਆਪ ਜੀ ਨੂੰ ਵੱਖ ਵੱਖ ਸੁਰੱਖਿਆ ਦੀਆਂ ਥਾਵਾਂ 'ਤੇ ਡਿਊਟੀਆਂ ਦੇਣ ਦਾ ਮੌਕ਼ਾ ਮਿਲਿਆ, ਫਿਰ ਇਨ੍ਹਾਂ ਨੂੰ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਦੀ ਹਿਦਾਇਤ 'ਤੇ ਹਿੰਦੁਸਤਾਨ ਵਿੱਚ ਤਬਲੀਗ਼ੀ ਮੁਅੱਲਿਮ ਝਾਂਸੀ ਸੂਬਾ ਯੂ.ਪੀ. ਭਿਜਵਾਇਆ ਗਿਆ, ਬੜੀ ਚੰਗੀ ਤਰ੍ਹਾਂ ਉੱਥੇ ਉਨ੍ਹਾਂ ਨੇ ਤਬਲੀਗ਼ ਕੀਤੀ।

ਹਿੰਦੁਸਤਾਨ ਵਿੱਚ ਵੱਖ ਵੱਖ ਥਾਂਵਾਂ 'ਤੇ ਇਨ੍ਹਾਂ ਨੂੰ ਸੇਵਾ ਕਰਨ ਦੀ ਤੌਫ਼ੀਕ਼ ਮਿਲੀ ਅਤੇ ਉਨ੍ਹਾਂ ਨੇ ਇਸੇ ਦੌਰਾਨ ਹੋਮਇਓ ਪੈਥੀ ਦੀ ਡਿਗਰੀ ਵੀ ਹਾਸਿਲ ਕੀਤੀ। ਉਨ੍ਹਾਂ ਦੇ ਦੁਆਰਾ ਬਹੁਤ ਸਾਰੇ ਨੇਕ ਲੋਕਾਂ ਨੂੰ ਅਹਮਦੀਯਤ ਕ਼ਬੂਲ ਕਰਨ ਦੀ ਤੌਫ਼ੀਕ਼ ਮਿਲੀ। ਉਨ੍ਹਾਂ ਦੇ ਇੱਕ ਬੇਟੇ ਡਾਕਟਰ ਮਹਮੂਦ ਅਹਮਦ ਬੱਟ ਸਾਹਿਬ ਅਤੇ ਨੂੰਹ ਡਾਕਟਰ ਮੰਜੂ ਬੱਟ ਸਾਹਿਬਾ ਵਾਕ਼ਿਫ਼ਿ ਜ਼ਿੰਦਗੀ ਹਨ। ਉਨ੍ਹਾਂ ਨੇ ਇੱਕ ਲੰਮਾ ਅਰਸਾ ਘਾਨਾ ਵਿੱਚ ਖ਼ਿਦਮਤ ਕੀਤੀ ਹੈ ਅਤੇ ਅੱਜ ਕੱਲ੍ਹ ਨੂਰ ਹਸਪਤਾਲ ਕਾਦੀਆਂ ਵਿੱਚ ਖ਼ਿਦਮਤ ਕਰ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਦੇ ਇੱਕ ਦੂਸਰੇ ਬੇਟੇ ਵੀ ਅਮਰੀਕਾ ਵਿੱਚ ਡਾਕਟਰ ਹਨ। ਅੱਲਾਹ ਤਆਲਾ ਮਰਹੂਮ ਦੇ ਦਰਜਾਤ ਬੁਲੰਦ ਕਰੇ ਅਤੇ ਉਨ੍ਹਾਂ ਦੀ ਔਲਾਦ ਅਤੇ ਨਸਲ ਨੂੰ ਵੀ ਉਨ੍ਹਾਂ ਦੀਆਂ ਨੇਕੀਆਂ ਜਾਰੀ ਰੱਖਣ ਦੀ ਤੌਫ਼ੀਕ਼ ਅਤਾ ਕਰੇ। ਅਮੀਨ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَأَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞